Video Album:

# Sang Sakha Sab Taj Gaye
# Kohu Na Nibhayo Saath
# (Shalok Mahala 9)

By:


ਦਾਸਨ ਦਾਸ
ਪ੍ਰਤਾਪ ਸਿੰਘ
203 ਸੈਕਟਰ 33 ਏ
ਚੰਡੀਗੜ੍ਹ

Brig. Partap Singh Jaspal (Retd.)
Guru Nanak Daata Baksh Lai Mission

www.SikhVideos.org


# ਸੰਗ ਸਖਾ ਸਭਿ ਤਜਿ ਗਏ
# ਕੋਊ ਨ ਨਿਬਹਿਓ ਸਾਥਿ

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

# ਆਪਣੇ ਸਾਹਿਬ ਦੇ, ਨਿਰੰਕਾਰ ਦੇ ਗੁਣਾ ਨੂੰ ਗਾ ਲੈ

ਜਿਹੜੀ ਅੰਮ੍ਰਿਤ ਵਰਖਾ, ਜਿਹੜਾ ਪ੍ਰਕਾਸ਼ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਕਤਲਗਾਹ ਦੇ ਵਿੱਚ ਬਖਸ਼ ਰਹੇ ਹਨ, ਇਹ ਸਲੋਕ ਉਸ ਅੰਮ੍ਰਿਤ ਬਾਣੀ ਦਾ ਸ਼ੁਰੂਆਤ ਹੈ। ਸਾਧ ਸੰਗਤ ਜੀ ਇਹ ਦੋ ਪਾਵਨ ਸਲੋਕ ਆਪ ਨੇ ਪੜ੍ਹੇ ਹਨ, ਸਭ ਤੋਂ ਪਹਿਲੇ ਇਹ ਅੰਮ੍ਰਿਤ ਬਾਣੀ ਜਿਹੜੀ ਉਚਾਰੀ ਗਈ ਹੈ ਇਸਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਦਮਦਮਾ ਸਾਹਿਬ ਚੜ੍ਹਾਇਆ ਹੈ, (ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਨੂੰ) ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕੀਤੀ ਹੈ। ਦੂਸਰੀ ਚੀਜ਼ ਇਹ ਸਲੋਕ ਕਤਲਗਾਹ ਦੇ ਵਿੱਚ ਉਚਾਰੇ ਹਨ, ਆਪਾਂ ਵਾਸੀ ਕਿਸਦੇ ਹਾਂ? ਮਿਰਤਲੋਕ ਦੇ ਹਾਂ। ਇਸ ਮਿਰਤਲੋਕ ਵਿੱਚ ਸਾਡਾ ਆਵਾਗਉਣ, ਸਾਡਾ ਆਣਾ-ਜਾਣਾ ਕਿਸ ਕਰਕੇ ਹੈ, ਸਾਧ ਸੰਗਤ ਜੀ ਫਿਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਫੁਰਮਾ ਰਹੇ ਹਨ-

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥

ਇਸ ਮਿਰਤਲੋਕ ਵਿੱਚ ਸਾਨੂੰ ਸਭ ਨੂੰ ਹੀ ਯਮਾਂ ਨੇ, ਮੌਤ ਨੇ ਆ ਕੇ ਦਬੋਚ ਲੈਣਾ ਹੈ। ਸਾਰੇ ਹੀ ਕਾਲ ਵਸ ਹਨ, ਇਹ ਆਵਾਗਉਣ ਦਾ ਚੱਕਰ ਕਿਸ ਕਰਕੇ ਹੈ?

ਸਾਹਿਬ ਫੁਰਮਾ ਰਹੇ ਹਨ-

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ।

*ਦੁਰਲਭ ਮਨੁੱਖਾ ਜਨਮ, ਇਹ ਸਾਰਾ ਹੀ ਕਿਸ ਕਰਕੇ ਜ਼ਾਇਆ ਹੋ ਰਿਹਾ ਹੈ?*

ਸਾਹਿਬ ਉਸ ਵੇਲੇ ਫੁਰਮਾਉਂਦੇ ਹਨ ਕਿ-

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥

*ਜਿਸ ਤਰ੍ਹਾਂ ਮੱਛੀ ਦਾ ਇੱਕੋ ਹੀ ਸਹਾਰਾ ਹੈ ਉਹ ਪਾਣੀ ਹੈ, ਇੱਕੋ ਹੀ ਲੀਨਤਾ ਹੈ ਉਹ ਪਾਣੀ ਹੈ, ਇੱਕੋ ਹੀ ਪ੍ਰੇਮ ਹੈ ਉਹ ਪਾਣੀ ਹੈ, ਇੱਕੋ ਹੀ ਉਸਦਾ ਜੀਵਨ ਹੈ ਉਹ ਪਾਣੀ ਹੈ ਅਤੇ ਇੱਕੋ ਹੀ ਉਸਦਾ ਰੱਬ ਹੈ ਉਹ ਪਾਣੀ ਹੈ। ਜਿਸ ਤਰ੍ਹਾਂ ਕਿਸੇ ਹੋਰ ਉਪਾਅ ਨਾਲ ਮੱਛੀ ਜੀਅ ਨਹੀਂ ਸਕਦੀ, ਇਸੇ ਤਰ੍ਹਾਂ ਆਪਣੇ ਸਾਹਿਬ ਦੇ, ਨਿਰੰਕਾਰ ਦੇ ਗੁਣਾਂ ਨੂੰ ਗਾ ਲੈ, ਉਸਦਾ ਭਜਨ ਕਰ ਲੈ।*

ਸਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੁਰੂਆਤ ਗੁਰੂ ਨਾਨਕ ਨਿਰੰਕਾਰ ਦੀ ਬਾਣੀ ਨਾਲ ਹੈ। ਹੁਣ ਗੁਰੂ ਨਾਨਕ ਕਿਹੜਾ ਖ਼ੇਡ, ਖ਼ੇਡ ਰਿਹਾ ਹੈ। ਸਾਧ ਸੰਗਤ ਜੀ ਕਿਹੜੇ ਹਾਲਾਤ ਦੇ ਵਿੱਚ, ਜਿੱਥੇ ਉਨ੍ਹਾਂ ਨੂੰ ਕਸ਼ਟ ਦਿੱਤੇ ਜਾ ਰਹੇ ਹਨ। ਉਸ ਵੇਲੇ ਉਨ੍ਹਾਂ ਦੇ ਤਿੰਨ ਨਿਜ਼ੀ ਸੇਵਾਦਾਰ (ਸਿੱਖ) ਜਿਹੜੇ ਉਸ ਵੇਲੇ ਉਨ੍ਹਾਂ ਦੇ ਚਰਨ ਕਮਲਾਂ ਦੀ ਸਰਨ ਵਿੱਚ ਹਨ, ਉਹ ਹਨ ਭਾਈ ਮਤੀਦਾਸ ਜੀ, ਭਾਈ ਸਤੀਦਾਸ ਜੀ ਅਤੇ ਭਾਈ ਦਿਆਲਾ ਜੀ। ਸਾਧ ਸੰਗਤ ਜੀ ਸਾਹਿਬ ਜਿਹੜੀ ਅੰਮ੍ਰਿਤ ਵਰਖ਼ਾ ਉਸ ਵੇਲੇ ਕਰ ਰਹੇ ਹਨ-

ਅੰਮ੍ਰਿਤੁ ਵਰਸੈ ਸਹਿਜਿ ਸੁਭਾਏ॥
ਗੁਰਮੁਖਿ ਵਿਰਲਾ ਕੋਈ ਜਨੁ ਪਾਏ॥

*ਸ੍ਰੀ ਗੁਰੂ ਅਮਰਦਾਸ ਜੀ*

ਉਹ ਤਿੰਨ ਗੁਰਮੁਖ ਜਿਹੜੇ ਉਸ ਅੰਮ੍ਰਿਤ ਵਰਖਾ ਵਿੱਚ ਇਸ਼ਨਾਨ ਕਰ ਰਹੇ ਹਨ, ਸਾਨੂੰ ਗੁਰੂ ਨਾਨਕ ਅਲਵਿਦਾ ਕਹਿੰਦੇ ਹੋਏ ਉਸ ਵਕਤ ਸਾਨੂੰ ਮੁਖ਼ਾਤਬ ਹੋ ਕੇ ਜੋ ਪ੍ਰਕਾਸ਼ ਰਹਿੰਦੀ ਦੁਨੀਆਂ ਤੱਕ ਸਾਡੀ ਝੋਲੀ ਪਾ ਰਹੇ ਹਨ, ਸਾਧ ਸੰਗਤ ਜੀ। ਇਸ ਬਾਰੇ ਵਿੱਚ ਜੋ ਬਾਬਾ ਨੰਦ ਸਿੰਘ ਸਾਹਿਬ ਨੇ ਸੋਝੀ ਪਾਈ ਉਹ ਆਪਦੇ ਨਾਲ ਸਾਂਝੇ ਕਰਨ ਦਾ ਨਿਮਾਣਾ ਜਿਹਾ ਯਤਨ ਹੈ।

## ਸਲੋਕ ਮਹਲਾ ੯॥

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥੧॥

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ॥
ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ॥੨॥

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥੩॥

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥੪॥

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
ਇਨ ਮੈਂ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥੫॥

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ॥
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ॥੬॥

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ॥
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ॥੭॥

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ॥
ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ॥੮॥

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥੯॥

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ॥
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥੧੦ ॥

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈਂ ਮਾਨ॥੧੧॥

ਘਟ ਘਟ ਮੈਂ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ॥੧੨॥

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੪॥

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥੧੭॥

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥੧੮॥

ਜਿਹਿ ਪ੍ਰਾਨੀ ਹਉਮੈਂ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥੧੯॥

ਭੈ ਨਾਸਨ ਦੁਰਮਤਿ ਹਰਨ ਕਲਿ ਮੈਂ ਹਰਿ ਕੋ ਨਾਮ॥
ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ॥ ੨੦॥

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ॥
ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ॥੨੧॥

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥ ੨੨॥

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈਂ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥੨੩॥

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈਂ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥੨੪॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ
ਫੰਧ॥੨੬॥

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥੨੭॥

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ
ਸਿਰਾਨ॥੨੮॥

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੨੯॥

ਮਨੁ ਮਾਇਆ ਮੈਂ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ॥੩੦॥

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ
ਫੰਧ॥੩੧॥

ਸੁਖ ਮੈਂ ਬਹੁ ਸੰਗੀ ਭਏ ਦੁਖ ਮੈਂ ਸੰਗਿ ਨ ਕੋਇ॥
ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ॥੩੨॥

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ॥
ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ॥੩੩॥

ਜਤਨ ਬਹੁਤੁ ਮੈਂ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ॥
ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ॥੩੪॥

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ
ਮਾਨੁ॥੩੫॥

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥੩੬॥

ਮਨੁ ਮਾਇਆ ਮੈਂ ਰਮਿ ਰਹਿਓ ਨਿਕਸਤ ਨਾਹਿਨ ਮੀਤ॥
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ॥ ੩੭॥

ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥੩੮॥

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥
ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ॥੪੦॥

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ॥
ਇਨ ਮੈਂ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥੪੧॥

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈਂ ਮੀਤ॥
ਜਿਹਿ ਪ੍ਰਾਨੀ ਹਰਿ ਜਸੁ ਕਹਿ ਨਾਨਕ ਤਿਹਿ ਜਗੁ
ਜੀਤਿ॥੪੨॥

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੪੩॥

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥੪੪॥

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ
ਚਿਤਿ॥੪੫॥

ਤੀਰਥ ਬਰਤ ਅਰੁ ਦਾਨ ਕਰਿ ਮਨ ਮੈਂ ਧਰੈ ਗੁਮਾਨੁ॥
ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥੪੬॥

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥
ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ
ਲੀਨ॥੪੭॥

ਨਿਜ ਕਰਿ ਦੇਖਿਓ ਜਗਤੁ ਮੈਂ ਕੋ ਕਾਹੂ ਕੋ ਨਾਹਿ॥
ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ॥੪੮॥

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥੫੦॥

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥੫੧॥

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥

ਦੋਹਰਾ॥

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈਂ ਤੁਮ ਹੀ ਹੋਤ
ਸਹਾਇ॥੫੪ ॥

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤਿ ਮੈਂ ਟੇਕ ਏਕ ਰਘੁਨਾਥ॥੫੫॥

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥
ਕਹੁ ਨਾਨਕ ਇਹ ਜਗਤ ਮੈਂ ਕਿਨ ਜਪਿਓ ਗੁਰ ਮੰਤੁ॥੫੬॥

ਰਾਮ ਨਾਮੁ ਉਰ ਮੈਂ ਗਹਿਓ ਜਾ ਕੈ ਸਮ ਨਹੀ ਕੋਇ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥੫੭॥

## ਸਾਹਿਬ ਦੀ ਅੰਮ੍ਰਿਤ ਬਾਣੀ ਦਾ ਚਮਤਕਾਰੀ ਅਸਰ

ਸਾਧ ਸੰਗਤ ਜੀ ਉਸ ਵੇਲੇ ਗੁਰੂ ਨਾਨਕ ਨਿਰੰਕਾਰ ਜਿਸ ਵਕਤ ਸਾਨੂੰ ਅਲਵਿਦਾ ਕਹਿੰਦੇ ਹੋਏ, ਸਾਨੂੰ ਮੁਖ਼ਾਤਬ ਹੁੰਦੇ ਹਨ। ਉਸ ਵੇਲੇ ਸਾਹਿਬ ਇਹਦੇ ਵਿੱਚ ਵਾਂਙੇ ਕਰ ਦਿੰਦੇ ਹਨ ਕਿ ਸਭ ਤੋਂ ਕੀਮਤੀ ਚੀਜ਼ ਇਹ ਸੁਆਸ ਹਨ। ਸਾਹਿਬ ਅੱਗੇ ਸੰਸਾਰ ਦਾ ਦੱਸਦੇ ਹਨ ਕਿ ਇਹ

ਸੰਸਾਰ ਕੀ ਹੈ, ਇਹ ਮਿਰਤਲੋਕ ਹੈ ਕੀ? ਉਸਦੇ ਬਾਅਦ ਫਿਰ ਇਸ ਦੇ ਵਿੱਚ ਇਨਸਾਨ ਆਵਾਗਉਣ ਚ ਪਿਆ ਕਿਉਂ ਹੋਇਆ ਹੈ? ਇਸ ਤੋਂ ਨਿਕਲਣ ਦਾ ਕੋਈ ਸਾਧਨ ਹੈ, ਕੋਈ ਹੋਰ ਰਸਤਾ ਹੈ? ਸਾਹਿਬ ਉਹ ਰਸਤਾ ਫਿਰ ਸਾਨੂੰ ਸਮਝਾਉਂਦੇ ਹੋਏ ਦੱਸਦੇ ਹਨ ਕਿ ਇਸ ਮਿਰਤਲੋਕ ਦੇ ਵਿੱਚ ਆਵਾਗਉਣ ਵਿੱਚ ਜਨਮ ਜਨਮ ਭਰਮਦਾ ਹੈ ਪਰ ਕਿਸ ਕਰਕੇ ਕਿਉਂਕਿ ਇਹ ਦੋ ਚੀਜ਼ਾਂ ਵਿੱਚ ਫਸਿਆ ਹੋਇਆ ਹੈ, ਇਕ ਹੈ ਹਉਮੈਂ ਤੇ ਦੂਜੀ ਮਾਇਆ।

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈਂ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥

ਕਿਉਂ ਡੋਲਦਾ ਹੈ?

ਕਿਉਂਕਿ... ਸਾਹਿਬ ਸਲੋਕਾਂ ਚ' ਫੁਰਮਾਉਂਦੇ ਹਨ-

ਜਿਸ ਨਿਰੰਕਾਰ ਨੇ ਸਾਨੂੰ ਸਭ ਕੁਝ ਦਿੱਤਾ ਹੈ, ਉਸ ਨੂੰ ਭੁੱਲ ਕੇ, ਇਨਸਾਨ ਮਾਇਆ ਦੇ ਹੀ ਵਿੱਚ ਰਹਿੰਦਾ ਹੈ, ਮਾਇਆ ਦਾ ਹੀ ਸੋਚਦਾ ਹੈ।

ਉਸ ਵੇਲੇ ਸਾਹਿਬ ਫੁਰਮਾ ਰਹੇ ਹਨ-

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈਂ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥

*ਕਰੋੜਾਂ ਵਿੱਚ ਕੋਈ ਵਿਰਲਾ ਹੀ ਹੁੰਦਾ ਹੈ ਜਿਸਨੇ ਰਚਨਹਾਰ ਨੂੰ ਚੇਤੇ ਰੱਖਿਆ ਹੋਇਆ ਹੈ, ਪਹਿਲੀ ਚੀਜ਼ ਤਾਂ ਉਨ੍ਹਾਂ ਨੇ ਇਹ ਸਪਸ਼ਟ ਕੀਤੀ ਹੈ।*

ਸਾਧ ਸੰਗਤ ਜੀ ਦੂਜੀ ਜਦੋਂ ਹਉਮੈਂ' ਦੇ ਬਾਰੇ ਫੁਰਮਾ ਰਹੇ ਹਨ-

ਜਿਹਿ ਪ੍ਰਾਨੀ ਹਉਮੈਂ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥

*ਇਨਸਾਨ ਸਭ ਤੋਂ ਵੱਡੀ ਭੁੱਲ ਜਿਹੜੀ ਕਰਦਾ ਹੈ ਉਹ ਹੈ ਕਿ ਆਪਣੇ ਆਪ ਨੂੰ 'ਕਰਤਾ' ਸਮਝਦਾ ਹੈ। ਇਸ ਹਉਮੈਂ ਦੇ ਵਿੱਚ ਜਿਹੜਾ ਸਭ ਤੋਂ ਵੱਡਾ ਵਿਘਨ ਹੈ ਉਹ 'ਮੈਂ' ਹੈ। ਫਿਰ ਸਾਹਿਬ ਦਸਦੇ ਹਨ ਕਿ ਕਿਸ ਚੀਜ਼ ਦਾ ਅਹੰਕਾਰ ਕਰਦਾ ਹੈ, ਉਹ ਇਸ ਸਰੀਰ ਦਾ ਅਹੰਕਾਰ ਕਰਦਾ ਹੈ ਜਿਸਨੇ ਇੱਕ ਛਿੰਨ ਵਿੱਚ ਸਾਨੂੰ ਛੱਡ ਜਾਣਾ ਹੈ।*

ਫੁਰਮਾ ਰਹੇ ਹਨ-

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈਂ ਮਾਨ॥

*ਇਹ ਸਰੀਰ ਸਾਡਾ ਨਹੀਂ ਹੈ। ਪੰਜ ਤੱਤਾਂ ਦਾ ਬਣਿਆ ਹੋਇਆ ਹੈ ਜਿਹੜੀ ਸਾਡੀ ਮਲਕੀਅਤ ਨਹੀਂ ਹੈ ਅਤੇ ਪੰਜ ਤੱਤਾਂ ਦੇ ਵਿੱਚ ਇਸਨੇ ਰਲ ਜਾਣਾ ਹੈ। ਦੂਸਰਾ ਫਿਰ ਫੁਰਮਾਉਂਦੇ ਹਨ ਕਿ ਜਿਨ੍ਹਾਂ ਨੂੰ 'ਮੇਰਾ' ਕਹਿਕੇ ਉਨ੍ਹਾਂ ਨਾਲ ਨੇਹੁ ਕਰ ਰਿਹਾ ਹੈ, ਪਿਆਰ ਕਰ ਰਿਹਾ ਹੈ ਉਨ੍ਹਾਂ ਵਿੱਚ ਇੱਕ ਵੀ ਸੰਗੀ ਨਹੀਂ ਹੈ, ਇੱਕ ਵੀ ਸਾਥੀ,ਤੇ ਇੱਕ ਨੇ ਵੀ ਅੰਤ ਵੇਲੇ ਸਹਾਈ ਨਹੀਂ ਹੋਣਾ।*

ਸਾਧ ਸੰਗਤ ਜੀ ਉਸ ਵੇਲੇ ਸੱਚੇ ਪਾਤਸ਼ਾਹ ਸਪਸ਼ਟ ਕਰ ਦਿੰਦੇ ਹਨ ਕਿ ਇਹ ਦੋਨੋਂ ਮੈਂ-ਮੇਰਾ ਸਭ ਤੋਂ ਵੱਡੇ ਵਿਘਨ ਹਨ।

ਸਾਹਿਬ ਸਲੋਕ ਫੁਰਮਾ ਰਹੇ ਹਨ, ਉਹ ਤਿੰਨ ਮਹਾਨ ਗੁਰਸਿੱਖ ਜਿਹੜੇ ਸੇਵਾ ਵਿੱਚ ਹਨ, ਉਸ ਵੇਲੇ ਸਾਹਿਬ ਦੇ ਪਾਵਨ ਦਰਸ਼ਨ ਕਰ ਰਹੇ ਹਨ। ਜਿਹੜੀ ਅੰਮ੍ਰਿਤ ਬਾਣੀ ਸਾਹਿਬ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਗੁਰੂ ਨਾਨਕ, ਗੁਰੂ ਤੇਗ਼ ਬਹਾਦਰ ਸਾਹਿਬ ਮੁਖ਼ਾਤਬ ਹੋ ਕੇ ਇਹ ਅੰਮ੍ਰਿਤ ਬਾਣੀ ਜੋ ਉਸ ਵੇਲੇ ਉਚਾਰ ਰਹੇ ਹਨ, ਜਿਸ ਤਰ੍ਹਾਂ ਉਚਾਰੀ ਜਾਂਦੇ ਹਨ ਸਾਧ ਸੰਗਤ ਜੀ ਉਹਦਾ ਚਮਤਕਾਰੀ ਅਸਰ ਹੋ ਕੀ ਰਿਹਾ ਹੈ? ਸਾਹਿਬ ਉਸ ਵੇਲੇ ਜਿਨ੍ਹਾਂ ਨਾਲ ਗੱਲ ਕਰ ਰਹੇ ਹਨ ਕਿਹੜੀਆਂ ਚੀਜ਼ਾਂ ਨੂੰ ਸਮਾਪਤ ਕਰੀ ਜਾ ਰਹੇ ਹਨ। ਕੀ ਕੁਝ ਕਰਦਾ ਹੈ ਇਹ ਸੰਸਾਰ, ਇਸਦਾ ਸਾਰਾ ਲਗਾਉ ਉਹ ਤਿੰਨਾਂ ਤੋਂ ਛੁਡਾ ਦਿੰਦੇ ਹਨ। ਸਾਧ ਸੰਗਤ ਜੀ ਇਸ ਮਾਇਆ ਤੋਂ ਜਿਹੜੀ ਐਡੀ ਬਲਵਾਨ ਹੈ ਉਸ ਤੋਂ ਕਿਸ ਤਰ੍ਹਾਂ ਸਾਹਿਬ ਇੱਕ ਹੀ ਨਦਰ ਨਾਲ ਮੁਕਤ ਕਰ ਦਿੰਦੇ ਹਨ।

ਫਿਰ-

ਜਿਹਿ ਪ੍ਰਾਨੀ ਹਉਮੈਂ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥

ਕਿਸ ਨਿਮਰਤਾ ਅਤੇ ਗਰੀਬੀ ਦੇ ਵਿੱਚ ਸਿੱਖਾਂ ਨੂੰ ਲੈ ਆਉਂਦੇ ਹਨ,

ਸਾਧ ਸੰਗਤ ਜੀ ਇਹ ਉਹੀ ਸਿੱਖ ਹਨ ਜਿਨ੍ਹਾਂ ਨੇ ਉਸ ਵੇਲੇ ਜਿਸ ਤਰ੍ਹਾਂ ਉਹ ਸ਼ਹਾਦਤ ਦਾ ਸਰੂਰ ਲੈਂਦੇ ਹੋਏ ਕੀ ਮਜ਼ਾਲ ਹੈ ਕੋਈ ਗਿਲਾ ਸ਼ਿਕਵਾ ਕੀਤਾ ਹੋਵੇ। ਸਾਰਿਆਂ ਨੂੰ ਨਿਮਰਤਾ ਤੇ ਗਰੀਬੀ ਅਤੇ ਨੀਚਤਾ ਦੇ ਪ੍ਰਕਾਸ਼ ਵਿੱਚ ਨਿਹਾਲ ਕਰੀ ਜਾ ਰਹੇ ਹਨ।

## ਨਾਨਕ ਸਭੁ ਕਿਛੁ ਤੁਮਰੈ ਹਾਥ ਮੈਂ

ਸਾਹਿਬ ਨੇ ਇਹ ਸਲੋਕ ਉਚਾਰਨ ਦੇ ਬਾਅਦ ਮਹਾਨ ਬਲੀਦਾਨ ਦੇ ਦਿੱਤਾ ਹੈ। ਸਾਹਿਬ ਦੀ ਆਯੂ ਉਸ ਵੇਲੇ 54 ਸਾਲ ਦੀ ਸੀ। ਸਾਹਿਬ ਨੇ 57 ਸਲੋਕ ਉਚਾਰੇ ਹਨ,

ਜਿਸ ਵਕਤ 53ਵੇਂ ਸਲੋਕ ਤੇ ਪਹੁੰਚਦੇ ਹਨ ਉਸ ਵੇਲੇ ਫੁਰਮਾਉਂਦੇ ਹਨ-

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।।**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥**
**੫੩॥**

ਸਾਧ ਸੰਗਤ ਜੀ ਜਿਹੜੀ ਨਿਮਰਤਾ ਤੇ ਗਰੀਬੀ ਦੀ ਗਹਿਰਾਈ ਵਿੱਚ ਸਾਨੂੰ ਲਿਜਾ ਰਹੇ ਹਨ ਸਾਡਾ ਗੁਰੂ ਨਾਨਕ।

***ਮੇਰੇ ਵਿੱਚ ਕੋਈ ਬਲ ਨਹੀਂ ਹੈ, ਮੈਂ ਬੰਧਨਾ ਵਿੱਚ ਫਸਿਆ ਹੋਇਆ ਹਾਂ, ਮੇਰੇ ਕੋਲੋਂ ਕੁਝ ਵੀ ਨਹੀਂ ਹੋ ਸਕਦਾ, ਕੁਝ ਕਰਨ ਜੋਗਾ ਨਹੀਂ ਹਾਂ। ਸੱਚੇ ਪਾਤਸ਼ਾਹ ਮੈਨੂੰ ਤੇਰੀ ਓਟ ਹੈ ਤੇਰਾ ਆਸਰਾ ਹੈ, ਇਸ ਵੇਲੇ ਬਖਸ਼ਿਸ਼ ਕਰੋ ਸੱਚੇ ਪਾਤਸ਼ਾਹ ਰੱਖ ਲਉ।***

54ਵੇਂ ਸਲੋਕ ਵਿੱਚ ਫਿਰ ਕੀ ਫੁਰਮਾਉਂਦੇ ਹਨ, ਉਸ ਵੇਲੇ ਸਾਨੂੰ ਮੁਖ਼ਾਤਬ ਕਰਕੇ ਸਾਡਾ ਸਤਿਗੁਰੂ, ਸਾਡਾ ਗੁਰੂ ਨਾਨਕ ਉਸ ਵੇਲੇ ਕੀ ਕਹਿ ਰਿਹਾ ਹੈ-

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈਂ ਤੁਮ ਹੀ ਹੋਤ**
**ਸਹਾਇ॥੫੪॥**

ਸੱਚੇ ਪਾਤਸ਼ਾਹ ਜਿਸ ਨਿਮਰਤਾ ਅਤੇ ਗਰੀਬੀ ਵਿੱਚ ਫੁਰਮਾ ਰਹੇ ਹਨ-

***ਸਭ ਕੁਝ ਬਲ ਤੇ ਸੱਤਿਆ ਤੇਰੀ ਹੈ। ਸੱਚੇ ਪਾਤਸ਼ਾਹ ਇਹ ਬੰਧਨਾ ਤੋਂ ਜਿਹੜੇ ਛੂਠੇ ਹਨ ਇਨ੍ਹਾਂ ਤੋਂ ਛਡਾਣਵਾਲਾ ਵੀ ਤੂੰ ਹੈ, ਕੱਢਣ ਵਾਲਾ ਵੀ ਤੂੰ ਹੈ।***

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈਂ ਤੁਮ ਹੀ ਹੋਤ**
**ਸਹਾਇ॥੫੩॥**

***ਸੱਚੇ ਪਾਤਸ਼ਾਹ ਤੇਰੀ ਸੱਤਿਆ ਦੇ ਵਿੱਚ ਤੂੰ ਹੀ ਵਰਤ ਰਿਹਾ ਹੈ, ਤੂੰ ਹੀ ਵਿਚਰ ਰਿਹਾ ਹੈ।***

ਜਿਸ ਵਕਤ ਸਤਿਗੁਰੂ ਇਹ ਕਹਿ ਰਹੇ ਹਨ ਉਸ ਵੇਲੇ ਜਿਸ ਨਿਮਰਤਾ ਤੇ ਗਰੀਬੀ ਵਿੱਚ ਗੁਰੂ ਨਾਨਕ ਨਿਰੰਕਾਰ ਸਾਨੂੰ ਲਿਜਾ ਰਿਹਾ ਹੈ।

ਇਹ ਗੁਰੂ ਦੀ, ਸਤਿਗੁਰੂ ਕੀ ਪਛਾਣ ਦੱਸ ਰਿਹਾ ਹੈ ਕਿ ਤੁਹਾਡਾ ਸਤਿਗੁਰੂ ਕੌਣ ਹੈ। ਸਾਧ ਸੰਗਤ ਜੀ ਕਦੀ ਸਤਿਗੁਰੂ ਨੇ ਆਪਣੇ ਆਪ ਨੂੰ ਸਤਿਗੁਰੂ ਕਿਹਾ ਹੈ ? ਸਭ ਇਹ ਸੱਚ ਦਾ ਰਸਤਾ ਦਿਖਾਉਂਦੇ ਹੋਏ, ਇਹ ਸਾਰਾ ਮਾਰਗ਼ ਹੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਸੱਚ ਹੀ ਸੱਚ ਹੈ ਅਤੇ ਇਹ ਸਭ ਦਰਸਾਉਂਦੇ ਹੋਏ ਆਪਣੇ ਆਪ ਨੂੰ ਸਤਿਗੁਰੂ ਕਦੀ ਨਹੀਂ ਕਿਹਾ। ਸਾਧ ਸੰਗਤ ਜੀ ਆਪਣੀ ਪਕੜ ਕੋਈ ਨਹੀਂ, ਨਿਰੰਕਾਰ ਦੇ ਨਾਲ ਜੋੜਦੇ ਹੋਏ ਸਤਿਗੁਰੂ ਨੇ ਕਦੀ ਆਪਣੇ ਆਪ ਨੂੰ ਨਿਰੰਕਾਰ ਨਹੀਂ ਕਿਹਾ। ਨਿਰੰਕਾਰ ਨਾਲ ਜੋੜਿਆ ਹੈ ਅਤੇ ਸਾਰੀ ਵਡਿਆਈ ਨਿਰੰਕਾਰ ਨੂੰ ਹੀ ਦਿੱਤੀ ਹੈ। ਸਾਰੀ ਅੰਮ੍ਰਿਤ ਬਾਣੀ ਉਚਾਰੀ ਹੈ ਪਰ ਉਸ ਅੰਮ੍ਰਿਤ ਬਾਣੀ ਦਾ ਰਚਤਾ ਆਪਣੇ ਆਪ ਨੂੰ ਨਹੀਂ ਕਿਹਾ।

**ਜੈਸੀ ਮੈਂ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ॥**

*ਸ੍ਰੀ ਗੁਰੂ ਨਾਨਕ ਦੇਵ ਜੀ*

**ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥**
**ਬੋਲਾਇਆ ਬੋਲੀ ਖਸਮ ਦਾ॥**

*ਸ੍ਰੀ ਗੁਰੂ ਅਰਜਨ ਦੇਵ ਜੀ*

ਆਪਣੇ ਆਪ ਨੂੰ ਬਾਣੀ ਦਾ, ਅੰਮ੍ਰਿਤ ਬਾਣੀ ਦਾ ਰਚਤਾ ਨਹੀਂ ਕਿਹਾ। ਸਾਧ ਸੰਗਤ ਜੀ ਸਾਰਾ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ, ਉਸ ਅੰਮ੍ਰਿਤ ਬਾਣੀ ਵਿੱਚ ਭਰ ਦਿੱਤਾ ਹੈ ਪਰ ਆਪਣੇ ਆਪ ਨੂੰ ਗਿਆਨ ਦਾ ਕਰਤਾ ਨਹੀਂ ਕਿਹਾ।

**ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ॥**
**ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ॥**

***ਸ੍ਰੀ ਗੁਰੂ ਅਰਜਨ ਦੇਵ ਜੀ***

ਸਭ ਕੁਛ ਹੋਂਦੇ ਹੋਏ ਆਪਣੇ ਆਪ ਨੂੰ ਕਦੀ ਕਰਤਾ ਨਹੀਂ ਕਿਹਾ। ਸਾਹਿਬ 'ਸਤਿਗੁਰੂ' ਸਾਰੇ ਬੰਧਨ ਕੱਟਣ ਵਾਲਾ ਹੈ।

**ਸਤਿਗੁਰੁ ਸਿਖ ਕੇ ਬੰਧਨ ਕਾਟੈ॥**
**ਗੁਰ ਕਾ ਸਿਖੁ ਬਿਕਾਰ ਤੇ ਹਾਟੈ॥**

***ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 286***

**ਬੰਧਨ ਤੋੜਿ ਬੋਲਾਵੈ ਰਾਮੁ॥**
**ਮਨ ਮਹਿ ਲਾਗੈ ਸਾਚੁ ਧਿਆਨੁ॥**
**ਮਿਟਹਿ ਕਲੇਸ ਸੁਖੀ ਹੋਇ ਰਹੀਐ॥**
**ਐਸਾ ਦਾਤਾ ਸਤਿਗੁਰੁ ਕਹੀਐ॥**

***ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 183***

***ਸਾਰੇ ਬੰਧਨ ਕਟਣ ਵਾਲੇ ਬੰਦੀਮੋਚ ਸਤਿਗੁਰੂ ਨੇ ਆਪਣੇ ਆਪ ਨੂੰ ਕਦੀ ਬੰਦੀਮੋਚ ਨਹੀਂ ਕਿਹਾ। ਇਹ ਉਸ ਪ੍ਰਕਾਸ਼ ਦੀ ਪਹਿਚਾਣ ਹੈ ਜਿਸਦੀ ਨਿਮਰਤਾ ਤੇ ਗਰੀਬੀ ਦਾ ਸਰੂਪ ਗੁਰੂ ਨਾਨਕ ਪਾਤਸ਼ਾਹ ਹਨ।***

ਉਹ ਬੰਦੀਮੋਚ ਹੈ ਪਰ ਆਪਣੇ ਆਪ ਕਹਿ ਰਿਹਾ ਹੈ ਕਿ ਮੈਂ ਬੰਧਨਾਂ ਵਿੱਚ ਫਸਿਆ ਹੋਇਆ ਹਾਂ।

ਸਾਧ ਸੰਗਤ ਜੀ ਸਾਰੀ ਦੁਨੀਆਂ ਨੂੰ ਨਾਮ ਦਾ ਪ੍ਰਕਾਸ਼ ਬਖਸ਼ਣ ਵਾਲਾ, ਉਸਨੇ ਨਾਮ ਦਾ ਦਾਤਾ ਆਪਣੇ ਆਪ ਨੂੰ ਕਦੀ ਨਹੀਂ ਕਿਹਾ, ਇਹ ਸਤਿਗੁਰੂ ਹੈ। ਨਿਮਰਤਾ ਤੇ ਗਰੀਬੀ ਦੇ ਵਿੱਚ ਜਿਹੜੀ ਸਤਿਗੁਰੂ ਬਖਸ਼ਿਸ਼ ਕਰ ਰਿਹਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਸਲੋਕਾਂ ਦੇ ਵਿੱਚ ਇਸ਼ਾਰਾ ਕੀ ਕਰ ਰਹੇ ਹਨ?

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥**
**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ॥**

***ਜਿਸ ਤਰ੍ਹਾਂ ਸੁਆਮੀ ਦੇ ਗ੍ਰਿਹ ਨੂੰ, ਘਰ ਨੂੰ ਕੁੱਤਾ ਛੱਡ ਕੇ ਨਹੀਂ ਜਾਂਦਾ, ਉਹ ਉਸਨੂੰ ਖਾਣਾ ਪਾਏ ਨਾ ਪਾਏ ਪਰ ਕਦੀ ਛੱਡ ਕੇ ਨਹੀਂ ਜਾਂਦਾ। ਜਿਸ ਤਰ੍ਹਾਂ ਉਹਦਾ ਮਨ ਅਤੇ ਚਿੱਤ ਆਪਣੇ ਮਾਲਕ ਦੇ ਧਿਆਨ ਵਿੱਚ ਰਹਿੰਦਾ ਹੈ, ਆਪਣੇ ਸੁਆਮੀ ਨੂੰ, ਆਪਣੇ ਮਾਲਕ ਨੂੰ, ਆਪਣੇ ਨਿਰੰਕਾਰ ਨੂੰ ਇਸ ਤਰ੍ਹਾਂ ਚੇਤੇ ਕਰ, ਇਸ ਤਰ੍ਹਾਂ ਉਹਦਾ ਸਿਮਰਨ ਕਰ।***

ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਨੇ ਸੰਗਤ ਵਿਚ ਫੁਰਮਾਉਣ-

ਗੁਰੂ ਨਾਨਕ ਦਾ ਪਟਾ ਆਪਣੇ ਗਲ ਵਿੱਚ ਪਾ ਲਓ।

ਅਸੀਂ ਗੁਰੂ ਨਾਨਕ ਨਿਰੰਕਾਰ ਦੀ ਉਸ ਨਿਮਰਤਾ, ਗਰੀਬੀ ਤੇ ਨੀਚਤਾ ਚ ਨਹੀਂ ਜਾ ਸਕਦੇ।

ਪਿਤਾ ਜੀ ਕਹਿਣ ਲੱਗੇ-

ਨਿਮਰਤਾ, ਗਰੀਬੀ ਤੇ ਨੀਚਤਾ ਨਾਲੋਂ ਵਡੀ ਬਖਸ਼ਿਸ਼ ਹੀ ਕੋਈ ਨਹੀਂ।

ਸਾਧ ਸੰਗਤ ਜੀ ਬਾਬਾ ਨੰਦ ਸਿੰਘ ਸਾਹਿਬ ਇਸ ਗੁਰਬਾਣੀ ਦੇ ਪ੍ਰਤੀ ਫੁਰਮਾਉਂਣ ਲੱਗੇ ਕਿ-

ਜੇ ਸਤਿਗੁਰੂ ਦੇ ਬਚਨਾਂ ਤੇ ਪ੍ਰਤੀਤ ਨਹੀਂ ਹੈ ਤਾਂ ਸਾਡੇ ਪੱਲੇ ਕੁੱਛ ਨਹੀਂ ਪੈਣਾ।

## ਆਪੇ ਬਖਸੇ ਦੇਇ ਪਿਆਰੁ

ਪਹਿਲੀ ਚੀਜ਼-

ਪਿਤਾ ਜੀ ਫੁਰਮਾਉਂਣ ਲੱਗੇ ਕਿ-

ਇਹ ਅੰਮ੍ਰਿਤ ਬਾਣੀ ਜਿਹੜੀ ਗੁਰੂ ਨਾਨਕ ਪਾਤਸ਼ਾਹ ਨੇ ਉਚਾਰੀ

ਹੈ, ਉਹ ਇਸ ਅੰਮ੍ਰਿਤ ਦੇ ਵਿੱਚ ਆਪ ਸਮਾਇਆ ਹੋਇਆ ਹੈ। ਉਹ ਅੰਮ੍ਰਿਤ ਬਾਣੀ ਉਨ੍ਹਾਂ ਦੇ ਮੁੱਖੋਂ ਜੋ ਉਚਾਰੀ ਗਈ ਹੈ ਉਹ ਪ੍ਰਤੱਖ ਸਰੂਪ ਹੈ ਸਤਿਗੁਰੂ ਦਾ। ਉਸਦੀ ਸਾਰੀ ਸਿੱਖਿਆ, ਉਸਦਾ ਸਾਰਾ ਉਪਦੇਸ਼, ਉਸਦਾ ਸਾਰਾ ਪ੍ਰਕਾਸ਼ ਇਸ ਅੰਮ੍ਰਿਤ ਬਾਣੀ ਦੇ ਵਿੱਚ ਹੀ ਸਮਾਇਆ ਹੋਇਆ ਹੈ।

**ਗੁਰ ਕੀ ਸਾਖੀ ਅੰਮ੍ਰਿਤ ਬਾਣੀ**
**ਪੀਵਤ ਹੀ ਪਰਵਾਣੁ ਭਇਆ॥**

*ਸ੍ਰੀ ਗੁਰੂ ਨਾਨਕ ਦੇਵ ਜੀ*

ਦੂਸਰੀ ਚੀਜ਼-
ਜਿਹੜੀ ਉਨ੍ਹਾਂ ਨੇ ਫੁਰਮਾਈ-

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ, ਇਹ ਅੰਮ੍ਰਿਤ ਬਾਣੀ ਰਹਿੰਦੀ ਦੁਨੀਆਂ ਤੱਕ ਉਹ ਜਹਾਜ਼ ਹੈ ਜਿਹੜਾ ਇਸ ਅਗਨਸਾਗਰ ਨੂੰ, ਇਸ ਭਵਸਾਗਰ ਨੂੰ ਪਾਰ ਕਰਾਉਂਦਾ ਹੈ।

ਫਿਰ ਜਿਸ ਤਰ੍ਹਾਂ ਉਨ੍ਹਾਂ ਨੇ ਫੁਰਮਾਇਆ-

ਗੁਰੂ ਨਾਨਕ ਪਾਤਸ਼ਾਹ ਦਾ, ਗੁਰਬਾਣੀ ਦਾ ਇੱਕ ਸ਼ਬਦ ਦਾ ਹੀ ਆਸਰਾ ਲੈ ਲਵੇ ਜਿਸ ਤਰ੍ਹਾਂ ਮੱਛੀ ਨੇ ਜਲ ਦਾ ਆਸਰਾ ਲਿਆ ਹੋਇਆ ਹੈ, ਇੱਕ ਸ਼ਬਦ ਦਾ ਹੀ ਆਸਰਾ ਲੈ ਲਵੇ ਤਾਂ ਇਹ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ, ਇਸ ਜਹਾਜ਼ ਦੇ ਵਿੱਚ ਉਸਨੂੰ ਅਸਥਾਨ ਮਿਲ ਜਾਂਦਾ ਹੈ।

ਤੀਸਰੀ ਚੀਜ਼-

ਜਿਹੜਾ ਬਚਨ ਕੀਤਾ ਉਨ੍ਹਾਂ ਨੇ...।

ਇਹ ਜਿਹੜਾ ਅੰਮ੍ਰਿਤ ਦਾ ਸਾਗਰ ਹੈ, ਸਮੁੰਦਰ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ। ਜੋ ਅੰਮ੍ਰਿਤ ਬਾਣੀ ਹੈ ਇਹ ਸਮੁੰਦਰ ਅਮੁੱਕ ਹੈ, ਇਹਨੇ ਕਦੀ ਮੁੱਕਣਾ ਨਹੀਂ। ਰਹਿੰਦੀ ਦੁਨੀਆਂ ਤੱਕ ਇਹਨੇ ਕਦੀ ਘਟਣਾ ਨਹੀਂ।

ਜਿਸ ਵਕਤ ਸਾਹਿਬ ਫੁਰਮਾ ਰਹੇ ਹਨ ਕਿ-

ਇਹ ਜਿਹੜੀ ਅੰਮ੍ਰਿਤ ਵਰਖ਼ਾ ਹੋ ਰਹੀ ਹੈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਵਿੱਚੋਂ। ਇਸ ਅੰਮ੍ਰਿਤ ਬਾਣੀ ਨੇ ਸਾਰੀ ਦੁਨੀਆਂ ਨੂੰ ਜਿਸ ਤਰ੍ਹਾਂ ਉਹ ਦਯਾ ਅਤੇ ਤਰਸ ਕਰਕੇ, ਬਖਸ਼ਿਸ਼ ਕਰਕੇ ਬਖਸ਼ ਗਏ ਹਨ। ਸਾਨੂੰ ਪਤਾ ਨਹੀਂ ਕਿਹੜਾ ਲਾਡ ਉਸ ਵੇਲੇ ਆਪਣੇ ਬੱਚਿਆਂ ਨਾਲ ਲਡਾ ਗਏ ਹਨ ਅਤੇ ਇਹ ਅੰਮ੍ਰਿਤ ਬਾਣੀ ਇਹ ਸਾਗਰ, ਇਹ ਲਾਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਦਾ ਲਈ, ਰਹਿੰਦੀ ਦੁਨੀਆਂ ਤੱਕ ਮੇਰਾ ਸਤਿਗੁਰੂ ਨਾਨਕ ਲਾਡ ਲਡਾਉਂਦਾ ਰਹੇਗਾ।

ਚੌਥੀ ਚੀਜ਼-

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਖ਼ਰੀ ਸਲੋਕ, ਜਿੰਨਾ ਵੈਰਾਗ ਅਤੇ ਪਿਆਰ ਇਹ ਜਗਾਉਂਦੇ ਹਨ, ਸਾਧ ਸੰਗਤ ਜੀ ਸਾਹਿਬ ਦੇ ਨਾਲ, ਇਸ ਅੰਮ੍ਰਿਤ ਬਾਣੀ ਦੇ ਨਾਲ ਪਿਆਰ ਕਰਨਾ ਇਹ ਪ੍ਰੇਮ ਹੈ ਇਸ ਜੰਜਾਲ ਦਾ ਪੂਰਾ ਤਿਆਗ਼ ਕਰਾ ਦਿੰਦਾ ਹੈ।

**ਆਪੇ ਬਖਸੇ ਦੇਇ ਪਿਆਰੁ॥**
**ਹਉਮੈਂ ਰੋਗੁ ਵਡਾ ਸੰਸਾਰਿ॥**
**ਗੁਰ ਕਿਰਪਾ ਤੇ ਏਹੁ ਰੋਗੁ ਜਾਇ॥**
**ਨਾਨਕ ਸਾਚੇ ਸਾਚਿ ਸਮਾਇ॥**

*ਸ੍ਰੀ ਗੁਰੂ ਅਮਰਦਾਸ ਜੀ*

## ਜੀਣਾ ਝੂਠ ਹੈ ਤੇ ਮਰ'ਨਾ ਸੱਚ ਹੈ

ਇਹ ਜਿਹੜਾ ਪਿਆਰ ਹੈ ਸਾਹਿਬ ਨਾਲ, ਇਸ ਅੰਮ੍ਰਿਤ ਬਾਣੀ ਨਾਲ, ਗੁਰੂ ਤੇਗ਼ ਬਹਾਦਰ ਸਾਹਿਬ ਨਾਲ, ਗੁਰੂ ਨਾਨਕ ਪਾਤਸ਼ਾਹ ਨਾਲ ਇਹ ਹਉਮੈਂ ਤੋਂ ਮੁਕਤ ਕਰਾ ਦਿੰਦਾ ਹੈ, ਮਾਇਆ ਤੋਂ ਮੁਕਤ ਕਰਾ ਦਿੰਦਾ ਹੈ। ਸਾਧ ਸੰਗਤ ਜੀ ਗੁਰੂ ਦੇ ਪ੍ਰੇਮ ਦੇ ਵਿੱਚ, ਗੁਰੂ ਦੀ ਬਖਸ਼ਿਸ਼ ਦੇ ਵਿੱਚ ਇਹ ਤਾਕਤ ਹੈ।

ਬਾਬਾ ਨੰਦ ਸਿੰਘ ਸਾਹਿਬ ਨੇ ਬੜੇ ਤਰੀਕੇ ਦੇ ਨਾਲ ਇੱਕ ਰਹਸ, ਇੱਕ ਜੁਗਤੀ ਦੱਸੀ, ਫੁਰਮਾਇਆ-

ਇਸ ਸੰਸਾਰ ਵਿੱਚ ਰਹਿੰਦੇ ਹੋਏ ਕਿਉਂਕਿ ਹਰ ਇਕ ਚੀਜ਼ ਨੇ ਛਿੰਨ ਵਿੱਚ ਪਰਾਏ ਹੋ ਜਾਣਾ ਹੈ, ਕੋਈ ਚੀਜ਼ ਵੀ ਅੰਤੇ ਸਹਾਈ ਨਹੀਂ, ਸੰਗੀ ਨਹੀਂ ਹੈ।

ਇਸ ਕਰਕੇ ਉਨ੍ਹਾਂ ਨੇ ਫੁਰਮਾਇਆ-

ਇਸ ਸੰਸਾਰ ਦੇ ਵਿੱਚ ਪ੍ਰਾਨੀ ਕਿਸੇ ਚੀਜ਼ ਨੂੰ ਆਪਣੀ ਨਾ ਸਮਝੇ। ਜਿਸ ਤਰ੍ਹਾਂ ਇਹ ਮੈਂ ਮੇਰੀ ਹੈ, ਜੇ ਮੈਂ ਹੈ ਤਾਂ ਜਮ ਦਾ ਡੰਡ ਸਿਰ ਤੇ ਖੜ੍ਹਾ ਹੈ ਪਰ ਜੇ ਮੈਂ ਮੇਰੀ ਨਹੀਂ ਹੈ ਜੇ ਆਪਣੀ ਸਮਝਦਾ ਹੀ ਨਹੀਂ ਹੈ, ਜੇ ਸਭ ਕੁਝ ਗੁਰੂ ਦਾ ਬਖਸ਼ਿਆ ਹੋਇਆ ਸਮਝਦਾ ਹੈ ਤਾਂ ਬਾਬਾ ਨੰਦ ਸਿੰਘ ਸਾਹਿਬ ਫੁਰਮਾਉਣ ਲੱਗੇ ਕਿ ਇਹ ਹਿਸਾਬ ਦੇ ਵਿੱਚ ਨਹੀਂ ਹੈ ਕਿਸੇ ਲੇਖੇ ਵਿੱਚ ਨਹੀਂ ਹੈ।

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ-

ਉਸਨੂੰ ਚੇਤੇ ਰੱਖਣ ਦਾ ... ਕਿਉਂਕਿ ਇਹ ਜੀਉਣਾ ਝੂਠ ਹੈ ਤੇ 'ਮਰਨਾ' ਸੱਚ ਹੈ ਮੌਤ ਨੂੰ ਸਦਾ ਚੇਤੇ ਰੱਖੇ।

ਉਹਦੇ ਨਾਲ ਕਦੀ ਕੋਈ ਸੁਆਸ ਬਿਰਥਾ ਨਹੀਂ ਜਾ ਸਕਦਾ। ਜਿਸ ਵਕਤ ਸੁਆਸਾਂ ਦੀ ਕੀਮਤ ਪੈਂਦੀ ਹੈ, ਉਸ ਵੇਲੇ ਪਤਾ ਲਗਦਾ ਹੈ ਕਿ ਸਭ ਤੋਂ ਅਨਮੋਲ ਚੀਜ਼ ਇਸ ਜਿੰਦਗੀ ਦੀ, ਇਸ ਮਨੁੱਖਾ ਜਨਮ ਦੇ ਸੁਆਸ ਹਨ ਅਤੇ ਫਿਰ ਉਹ ਸੁਆਸ ਜਿਹੜੇ ਇਸ ਸੰਸਾਰ ਦੀ ਸਾਰੀ ਕਮਾਈ ਦੇ ਨਾਲ ਖਰੀਦੇ ਨਹੀਂ ਜਾ ਸਕਦੇ, ਲੱਖਾਂ ਨਾਲ ਖ਼ਰੀਦੇ ਨਹੀਂ ਜਾ ਸੱਕਦੇ, ਕੋਈ ਤੁਹਾਨੂੰ ਉਹ ਸੁਆਸ ਨਹੀਂ ਦੇ ਸਕਦਾ।

**ਭਾਦੁਇ ਭਰਮਿ ਭੁਲਾਈਆ ਦੂਜੈ ਲਗਾ ਹੇਤੁ॥**

***ਸ੍ਰੀ ਗੁਰੂ ਅਰਜਨ ਦੇਵ ਜੀ***

ਬਾਬਿਆਂ ਨੇ ਫੁਰਮਾਇਆ ਕਿ-

ਮੌਤ ਨੂੰ ਹਰ ਵੇਲੇ ਚੇਤੇ ਰੱਖੋ।

ਸਿਰਫ ਇੱਕ ਮੌਤ ਦਾ ਚਿੰਤਨ ਹੈ ਜਿਹੜਾ ਰੱਬ ਵਾਲੇ ਪਾਸੇ ਲੈ ਜਾ ਸਕਦਾ ਹੈ।

***ਜਿਹੜਾ ਵੀ ਮੌਤ ਨੂੰ ਭੁੱਲਿਆ ਹੋਇਆ ਹੈ ਉਸਦਾ ਇਹੀ ਹਾਲ ਹੁੰਦਾ ਹੈ। ਜਿਨ੍ਹਾਂ ਨਾਲ ਪ੍ਰੇਮ ਕਰ ਰਿਹਾ ਸੀ, ਜਿਨ੍ਹਾਂ ਤੋ ਪ੍ਰੇਮ ਲੱਭ ਰਿਹਾ ਸੀ ਇੱਕ ਛਿੰਨ ਵਿੱਚ ਵਿਸਰ ਗਏ ਅਤੇ ਕੋਈ ਮਦਦ ਨਹੀਂ ਕਰ ਸਕੇ ਇਸ ਚੀਜ਼ ਤੋਂ ਬਚਣ ਵਾਸਤੇ ਅਸੀਂ ਉਸਦੀ ਸਰਣਾਗਤ ਲਈਏ, ਜਿਸਨੇ ਇਸ ਮੌਤ ਦੇ ਭਵਸਾਗਰ ਨੂੰ ਪਾਰ ਕਰਣ ਵਾਸਤੇ ਆਪਣੇ ਜਹਾਜ਼ ਰੂਪੀ ਚਰਨ ਦਿੱਤੇ ਹੋਏ ਹਨ।***

**ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥**

***ਸ੍ਰੀ ਗੁਰੂ ਅਰਜਨ ਦੇਵ ਜੀ***

***ਸਾਧ ਸੰਗਤ ਜੀ ਮੌਤ ਨੂੰ ਚੇਤੇ ਰੱਖਣ ਨਾਲ ਮੇਰਾ ਸਾਹਿਬ 'ਸਤਿਗੁਰੂ' ਗੁਰੂ ਨਾਨਕ ਨਹੀਂ ਵਿੱਛੜਦਾ, ਹਰ ਵੇਲੇ ਚੇਤੇ ਰਹੇਗਾ।***

ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ-

ਸਿਰਫ ਐਸੇ ਗੁਰਮੁੱਖ ਮਹਾਂਪੁਰਸ਼ ਦੀ ਸੰਗਤ ਕਰੋ ਜਿਸਦੀ ਆਪਣੀ ਪਕੜ ਕੋਈ ਨਾ ਹੋਵੇ, ਜਿਹੜਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਨਾਲ ਜੋੜੇ, ਜਿਹੜਾ ਆਪਣੇ ਨਾਲ ਜੋੜਦਾ ਹੈ ਉਸ ਤੋਂ ਕਿਨਾਰਾ ਕਰੋ।

## ਗੁਰੂ ਨਾਨਕ ਦਾਤਾ ਬਖਸ਼ ਲੈ।
## ਬਾਬਾ ਨਾਨਕ ਬਖਸ਼ ਲੈ॥